# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਬਾਰ੍ਹਵੀਂ ਦੀ ਵੋਕੇਸ਼ਨਲ, ਐਨ.ਐਸ.ਕਿਊ.ਐਫ. ਗਰੁੱਪ ਅਤੇ ਮੁੜ ਪ੍ਰੀਖਿਆ ਸਬੰਧੀ ਰੀ-ਵੈਲੂਏਸ਼ਨ ਤੇ ਰੀ-ਚੈਕਿੰਗ ਫਾਰਮ 25 ਤੱਕ ਭਰੇ ਜਾਣਗੇ

ਐੱਸ.ਏ.ਐੱਸ ਨਗਰ 15 ਮਈ ( ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ-ਕਮ-ਡੀ.ਜੀ.ਐੱਸ.ਈ ਸ੍ਰੀ ਪ੍ਰਸ਼ਾਂਤ ਕੁਮਾਰ ਗੋਇਲ ਵੱਲੋਂ ਪ੍ਰੈੱਸ ਨੂੰ ਦਿੱਤੀ ਗਈ ਸੂਚਨਾ 'ਚ ਦੱਸਿਆ ਗਿਆ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਵੋਕੇਸ਼ਨਲ, ਐਨ.ਐਸ.ਕਿਊ.ਐਫ. ਗਰੁੱਪ ਅਤੇ ਮੁੜ ਪ੍ਰੀਖਿਆ ਮਾਰਚ 2018 ਦਾ ਨਤੀਜਾ ਮਿਤੀ 07-05-2018 ਨੂੰ ਘੋਸ਼ਿਤ ਹੋ ਚੁੱਕਾ ਹੈ। ਜਿਹੜੇ ਪ੍ਰੀਖਿਆਰਥੀਆਂ ਨੇ ਆਪਣੇ ਕਿਸੇ ਵਿਸ਼ੇ ਦੀ ਰੀਚੈਕਿੰਗ ਜਾਂ ਰੀਵੈਲੂਏਸ਼ਨ ਲਈ ਅਪਲਾਈ ਕਰਨਾ ਹੈ, ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬ-ਸਾਈਟ www.pseb.ac.in ਤੇ ਦਰਸਾਈਆਂ ਹਦਾਇਤਾਂ ਅਨੁਸਾਰ ਮਿਤੀ 25-5-2018 ਤੱਕ ਆਨ-ਲਾਈਨ ਅਪਲਾਈ ਕਰ ਸਕਦੇ ਹਨ।

ਉਨ੍ਹਾਂ ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਤੋਂ ਬਾਅਦ ਫੀਸ ਚਲਾਨ ਜਨਰੇਟ ਕਰਕੇ ਦਰਸਾਈ ਬੈਂਕ ਵਿੱਚ ਆਖਰੀ ਮਿਤੀ 30-5-2018 ਤੱਕ ਫੀਸ ਜਮ੍ਹਾਂ ਕਰਵਾਈ ਜਾ ਸਕਦੀ ਹੈ। ਇਸ ਉਪਰੰਤ ਰੀਚੈਕਿੰਗ ਫਾਰਮ ਦਾ ਪ੍ਰਿੰਟ ਅਤੇ ਜਮ੍ਹਾਂ ਕਰਵਾਈ ਗਈ ਫੀਸ ਦਾ ਚਲਾਨ ਆਪਣੇ ਜਿਲ੍ਹੇ ਦੇ ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਮਿਤੀ 4-6-2018 ਤੱਕ ਜਮ੍ਹਾਂ ਕਰਵਾਏ ਜਾਣ।

ਉਨ੍ਹਾਂ ਅੱਗੇ ਕਿਹਾ ਕਿ ਕੇਵਲ ਵੋਕੇਸ਼ਨਲ, ਐਨ.ਐਸ.ਕਿਊ.ਐਫ. ਗਰੁੱਪ ਅਤੇ ਨਕਲ ਜਾਂ ਕਿਸੇ ਹੋਰ ਕਾਰਨ ਹੋਈ ਮੁੜ ਪ੍ਰੀਖਿਆ ਵਾਲੇ ਪ੍ਰੀਖਿਆਰਥੀ ਹੀ ਇਹ ਫਾਰਮ ਆਨ-ਲਾਈਨ ਸ਼ਡਿਊਲ ਅਨੁਸਾਰ ਭਰ ਸਕਣਗੇ। ਪ੍ਰੀਖਿਆਰਥੀ ਰੀਚੈਕਿੰਗ ਜਾਂ ਰੀਵੈਲੂਏਸ਼ਨ ਲਈ ਇੱਕ ਹੀ ਵਾਰ ਫਾਰਮ ਭਰ ਸਕਦਾ ਹੈ। ਭਰਿਆ ਫਾਰਮ/ਚਲਾਨ ਕੈਂਸਲ ਨਹੀਂ ਕੀਤਾ ਜਾਵੇਗਾ।

ਮਿਤੀ:-**15-05-2018**

ਕੋਮਲ ਸਿੰਘ (ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner